# ਅਸੀਂ ਪੰਜਾਬੀ

## ਪ੍ਰੀਤਮ ਸਿੰਘ 'ਕਾਸਦ'



### ਸ਼ਖ਼ਸੀਅਤ ਤੇ ਰਚਨਾ

ਪ੍ਰੀਤਮ ਸਿੰਘ 'ਕਾਸਦ' ਦਾ ਜਨਮ 1924 ਈ. ਵਿੱਚ ਪਿੰਡ ਗਹਿਆ, ਤਹਿਸੀਲ ਚੱਕਵਾਲ, ਜ਼ਿਲ੍ਹਾ ਜਿਹਲਮ (ਹੁਣ ਪਾਕਿਸਤਾਨ ਵਿੱਚ) ਵਿਖੇ ਪਿਤਾ ਗੋਦੜ ਸਿੰਘ ਸਾਹਨੀ ਦੇ ਘਰ ਮਾਤਾ ਭਾਗਵੰਤੀ ਦੀ ਕੁੱਖੋਂ ਹੋਇਆ। ਉਨ੍ਹਾਂ ਨੇ ਗੁਰੂ ਨਾਨਕ ਖ਼ਾਲਸਾ ਹਾਈ ਸਕੂਲ, ਨਨਕਾਣਾ ਸਾਹਿਬ ਵਿਖੇ ਮੈਟਰਿਕ ਤੱਕ ਦੀ ਸਿੱਖਿਆ ਹਾਸਲ ਕੀਤੀ। ਦਿੱਲੀ ਯੂਨੀਵਰਸਿਟੀ ਤੋਂ ਐੱਮ.ਏ. ਪੰਜਾਬੀ ਦੀ ਪੜ੍ਹਾਈ ਕੀਤੀ। ਉਨ੍ਹਾਂ ਨੂੰ ਸ਼੍ਰੋਮਣੀ ਕਵੀ ਅਵਾਰਡ, ਪੰਜਾਬੀ ਕਾਵਿ ਮੰਚ ਦਾ ਅਮੀਰ ਕਾਵਿ-ਭੂਸ਼ਣ ਤੇ ਹੋਰ ਅਨੇਕਾਂ ਹੀ ਇਨਾਮਾਂ ਨਾਲ ਸਨਮਾਨਤ ਕੀਤਾ ਗਿਆ। ਉਨ੍ਹਾਂ ਨੇ ਸਮਾਜ ਪ੍ਰਤੀ ਸੇਵਾ ਨਿਭਾਉਂਦਿਆਂ ਵਿਦਿਅਕ ਅਦਾਰਿਆਂ ਦਾ ਮਿਆਰ ਉੱਚਾ ਚੁੱਕਣ ਦਾ ਹਰ ਸੰਭਵ ਜਤਨ ਕੀਤਾ ਤੇ ਲੋੜਵੰਦ ਵਿਦਿਆਰਥੀਆਂ ਨੂੰ ਵਿਦਿਅਕ ਸਹਾਇਤਾ ਵੀ ਦਿੱਤੀ। ਕਿੱਤੇ ਵਲੋਂ ਆਪ ਆਪਣੀ ਨਿੱਜੀ ਕੰਪਨੀ ਦੇ ਡਾਇਰੈਕਟਰ ਸਨ। ਉਨ੍ਹਾਂ ਦੀਆਂ ਰਚਨਾਵਾਂ ਵਿੱਚ : 'ਆਜ਼ਾਦੀ ਦੀ ਵੇਦੀ 'ਤੇ', 'ਕੇਸਰੀ ਨਿਸ਼ਾਨ', 'ਖੜਗ ਖਾਲਸਾ', 'ਰੁੱਤਾਂ ਦੇ ਪਰਛਾਵੇਂ', 'ਜਾਗ ਮਨੁੱਖਤਾ ਜਾਗ' 'ਨੀਲਮ ਤੇ ਨਿਸ਼ੀ', 'ਪਾਂਧੀ ਨਨਕਾਣਵੀ ਇਕ ਅਧਿਐਨ' (ਸੰਪਾਦਿਤ), 'ਗੁਲਨਾਗ', 'ਰਾਜ ਖ਼ਾਲਸਾ - ਤਾਜ ਖ਼ਾਲਸਾ', 'ਕਾਇਨਾਤ', 'ਨਸ਼ਿਆਈਆਂ ਕਾਂਗਾਂ', 'ਅਸੀਂ ਹਾਂ ਖ਼ਾਲਸੇ' ਆਦਿ ਸ਼ਾਮਲ ਹਨ।

# ਅਸੀਂ ਪੰਜਾਬੀ

ਅਸੀਂ ਪੰਜਾਬੀ, ਇਸ਼ਕ ਦੇ ਪੁਤਲੇ,
ਕੁਦਰਤ ਵੀ ਜਿਸ ਤੋਂ ਬਲਿਹਾਰ।
ਪੰਜ ਨਦੀਆਂ ਸਾਨੂੰ ਲੋਰੀ ਦਿਤੀ,
ਦਸ ਗੁਰੂਆਂ ਸਾਡੇ ਭਰੇ ਭੰਡਾਰ।

ਮੌਤ ਅਸਾਡੀ ਚਰਨ ਦਾਸੜੀ,
ਫ਼ਤਹਿ ਅਸਾਡੇ ਗਲ ਦਾ ਹਾਰ।
ਦੇਸ਼, ਧਰਮ ਦੀ ਰਖ਼ਸ਼ਾ ਕਰਨੀ,
ਯੁਗ ਯੁਗ ਤੋਂ ਸਾਡਾ ਕਾਰ ਵਿਹਾਰ।

ਜਿਸ ਧਰਤੀ ਸਾਡੇ ਬੁੱਤ ਨੂੰ ਘੜਿਆ,
ਉਸ ਤੋਂ ਜਦ ਜਿੰਦ ਸਦਕੇ ਹੋਈ।
ਲੱਖ ਬੂੰਦਾਂ ਸਾਡੇ ਤਨ 'ਚੋਂ ਡੁਲ੍ਹੀਆ,
ਪਰ ਅਖੀਉਂ ਇਕ ਬੂੰਦ ਨਾ ਚੋਈ।

ਅਸੀਂ ਉਹਦੇ ਪੁੱਤ ਛੈਲ ਛਬੀਲੇ,
ਸਾਉਣ ਦਿਆਂ ਬਦਲਾਂ ਦੇ ਹਾਣੀਂ।
ਦੁਸ਼ਮਨ ਤੇ ਬਿਜਲੀ ਬਣ ਡਿਗਦੇ,
ਮਿਤਰਾਂ ਲਈ ਬਰਸਾਤ ਸੁਹਾਣੀ।

ਜੇਠ ਦੀ ਸਿਖਰ ਦੁਪਹਿਰ ਦੇ ਵਾਂਗੂੰ,
ਤੇਗ ਅਸਾਡੀ ਲਿਸ਼ਕਾਂ ਮਾਰੇ।
ਜਿਉਂ 'ਗੋਬਿੰਦ ਸਾਗਰ' ਦੀ ਬਿਜਲੀ,
ਜਨਤਾ ਦੀ ਤਕਦੀਰ ਸ਼ਿੰਗਾਰੇ।

ਗੁਰ ਗੋਬਿੰਦ, ਸਾਡਾ ਪ੍ਰੇਮ ਪਟੋਲਾ,
ਰੰਗ-ਮਜੀਠੇ ਧੁਰ ਤੋਂ ਰੰਗਿਆ।
ਤਾਹੀਉਂ ਰਣ ਵਿਚ ਮੌਤ ਸੁਹਾਗਣ,
ਰੱਤ ਦਾ ਕੁੰਗੂ ਸਾਥੋਂ ਮੰਗਿਆ।

ਅਸਾਂ ਨਾ ਚੋਰੀ ਕਾਜ ਰਚਾਇਆ,
ਅਸਾਂ ਨਾ ਛੁਪ ਕੇ ਮੌਤ ਵਿਆਹੀ।
ਹਰ ਹੋਣੀਂ ਪੀ ਪੀ ਕੇ ਮਰ ਗਈ,
ਭਰੀ ਰਹੀ ਸਾਡੀ ਜਿਗਰ-ਸੁਰਾਹੀ।

### ਔਖੇ ਸ਼ਬਦਾਂ ਦੇ ਅਰਥ

ਪੁਤਲੇ : ਸਰੀਰ
ਬਲਿਹਾਰ : ਕੁਰਬਾਨ
ਪੰਜ ਨਦੀਆਂ : ਪੰਜਾਬ ਵਿਚ ਵੱਗਣ (ਵਹਿਣ) ਵਾਲੀਆਂ ਪੰਜ ਨਦੀਆਂ— ਸਤਲੁਜ, ਬਿਆਸ, ਝਨਾਅ, ਰਾਵੀ, ਜ਼ੇਹਲਮ
ਬੁੱਤ : ਮੂਰਤੀ
ਜਿੰਦ : ਰੂਹ/ਪ੍ਰਾਣ
ਸਦਕੇ : ਕੁਰਬਾਨ/ ਬਲਿਹਾਰ
ਚੋਈ : ਪਾਣੀ ਦੇ ਟਪਕਣ ਦਾ ਭਾਵ
ਹਾਣੀ : ਹਮ-ਉਮਰ
ਜੇਠ : ਦੇਸੀ ਮਹੀਨੇ ਦਾ ਨਾਂ (ਮਈ-ਜੂਨ)
ਤੇਗ : ਤਲਵਾਰ
ਗੋਬਿੰਦ ਸਾਗਰ : ਡੈਮ ਦਾ ਨਾਂ
ਤਕਦੀਰ : ਕਿਸਮਤ
ਰੰਗ-ਮਜੀਠਾ : ਪੱਕਾ ਲਾਲ ਰੰਗ
ਕੁੰਗੂ : ਕੇਸਰ
ਕਾਜ : ਕਾਰਜ
ਰਚਾਇਆ : ਬਣਵਾਉਣਾ, ਰਚਨਾ ਕਰਵਾਉਣੀ
ਸ਼ਮਾਂ : ਰੌਸ਼ਨੀ ਦੇਣ ਵਾਲਾ
ਭੰਭਟਾਂ : ਭਮੱਕੜ (ਭੰਭ, ਭੂਚਾਲ)

**ਔਖੇ ਸ਼ਬਦਾਂ ਦੇ ਅਰਥ**

ਸੂਲਾਂ : ਕੰਡੇ
ਸ਼ੀਹਣੀਆਂ : ਸ਼ੇਰਨੀਆਂ ਵਰਗੀਆਂ ਔਰਤਾਂ
ਵੰਝਲੀ : ਬੰਸਰੀ
ਸਤ-ਪੱਤਣਾ : ਸਤ ਸ਼ਹਿਰਾਂ
ਹਲ ਵਾਹੂ : ਹਲ ਵਾਹੁਣ ਵਾਲੇ
ਮਾਖਿਉਂ : ਸ਼ਹਿਦ ਵਰਗੀ
ਸ਼ੂਕਨ : ਸ਼ੋਰ ਮਚਾਉਣਾ
ਝਨਾਂ : ਦਰਿਆ ਦਾ ਨਾਂ
ਗ਼ੰਨੀ : ਨਰਮ



ਸ਼ਮਾਂ ਵਾਂਗ ਸਾਡਾ ਦੇਸ਼ ਹੈ ਜੀਉਂਦਾ,
ਭੰਬਟਾਂ ਵਾਂਗੂੰ ਜੀਊਣ ਪੰਜਾਬੀ।
ਫੁੱਲ ਤਾਂ ਫੁੱਲ ਸਾਡੀ ਫੁਲਵਾੜੀ,
ਦੀਆਂ ਸੂਲਾਂ ਦੇ ਵੀ ਮੁਖ ਗੁਲਾਬੀ।

ਪਰਬਤ ਵਾਂਗ ਅਸਾਡੇ ਗਭਰੂ,
ਸ਼ੀਹਣੀਆਂ ਵਰਗੀਆਂ ਸਾਡੀਆਂ ਨਾਰਾਂ।
ਰੰਗਾਂ ਵਿਚ ਗਿਧੇ ਤੇ ਭੰਗੜੇ,
ਜੰਗਾਂ ਵਿਚ ਛਣਕਨ ਤਲਵਾਰਾਂ।

ਦਰਿਆਵਾਂ ਵਿਚ ਝਾਂਜਰ ਛਣਕੇ,
ਵੰਝਲੀ ਦੀ ਲੈਅ ਭਰੇ ਹੁੰਗਾਰੇ।
ਸਤ-ਪੱਤਣਾਂ ਦੇ ਤਾਰੂ ਰਾਂਝੇ,
ਜਦ ਵੀ ਆਉਂਦੇ ਹੀਰ ਦੁਆਰੇ।

ਸਾਡੇ ਅਮਰ ਕਮਾਊ ਹੱਥਾਂ,
ਹਲਵਾਹੂ ਹੱਥਾਂ ਦੀਆਂ ਵਾਰਾਂ।
ਮਿੱਲਾਂ ਵਿਚ ਮਸ਼ੀਨਾਂ ਗਾਵਨ,
ਖੇਤਾਂ ਵਿਚ ਫ਼ਸਲਾਂ ਮੁਟਿਆਰਾਂ।

ਮਾਖਿਉਂ ਵਰਗੀ ਸਾਡੀ ਬੋਲੀ,
ਮਿਸ਼ਰੀ ਵਰਗੀਆਂ ਸਾਡੀਆਂ ਗੱਲਾਂ।
'ਸੋਹਣੀ' ਵਾਂਗ ਪਵਿਤਰ ਜਜ਼ਬੇ,
ਸ਼ੂਕਨ ਜਿਵੇਂ ਝਨਾਂ ਦੀਆਂ ਛੱਲਾਂ।

ਦੁਨੀਆਂ ਕਹੇ ਪੰਜਾਬੀ ਦਾਤੇ,
ਮਾਨਵਤਾ ਦੇ ਨੂਰ ਮੁਨਾਰੇ।
ਦਬ ਕੇ ਵਾਹੁੰਦੇ, ਰਜ ਕੇ ਖਾਂਦੇ,
ਵੰਡ ਕੇ ਛਕਦੇ ਭਰੇ ਭੰਡਾਰੇ।

ਵੇਦ ਅਸਾਡੇ, ਗ੍ਰੰਥ ਅਸਾਡੇ,
ਇਹਨਾਂ ਦੇ ਕਰਤਾਰ ਪੰਜਾਬੀ।
ਕੁਲ ਦੁਨੀਆਂ ਦੀ ਸਭਿਤਾ ਦੇ ਸਿਰ,
ਸਤਰੰਗੀ ਦਸਤਾਰ ਪੰਜਾਬੀ।

ਅਸੀਂ ਪੰਜਾਬੀ, ਧਨੀ ਤੇਗ਼ ਦੇ,
ਦਿਲ ਦੇ ਗ਼ੰਨੀ, ਯਾਰਾਂ ਦੇ ਯਾਰ।
ਪੰਜ ਨਦੀਆਂ ਸਾਨੂੰ ਲੋਰੀ ਦਿੱਤੀ,
ਦਸ ਗੁਰੂਆਂ ਸਾਡੇ ਭਰੇ ਭੰਡਾਰ।

## ਟਿੱਪਣੀ

ਇਸ ਕਵਿਤਾ ਵਿੱਚ ਕਵੀ ਨੇ ਪੰਜਾਬ ਦੀ ਧਰਤੀ ਦੇ ਵਸਨੀਕ ਪੰਜਾਬੀਆਂ ਦੇ ਸੁਭਾਅ ਬਾਰੇ ਬਹੁਤ ਹੀ ਖ਼ੂਬਸੂਰਤ ਤੇ ਪ੍ਰਭਾਵਸ਼ਾਲੀ ਤਰੀਕੇ ਨਾਲ ਦੱਸਿਆ ਹੈ। ਉਨ੍ਹਾਂ ਦੀ ਕਵਿਤਾ ਯਥਾਰਥ ਤੋਂ ਆਦਰਸ਼ ਵੱਲ ਚਲਦੀ ਹੈ। ਕਵਿਤਾ ਵਿੱਚ ਕਰਤਾਰੀ ਪ੍ਰਭੂਤਾ ਨੂੰ ਵਰਤ ਕੇ ਇੱਕ ਨਵੇਕਲਾ ਸਿਧਾਂਤ ਪੇਸ਼ ਕੀਤਾ ਹੈ ਤੇ ਨਾਲ ਹੀ ਕੌਮੀਅਤ ਦੇ ਸਿਧਾਂਤ ਨੂੰ ਵੀ ਦ੍ਰਿੜ ਕੀਤਾ ਹੈ। ਕਵਿਤਾ ਮਨੁੱਖਤਾ ਨੂੰ ਸਮਰਪਿਤ ਹੈ। ਕਵੀ ਨੇ ਆਪਣੀ ਕਵਿਤਾ ਵਿੱਚ ਪੰਜਾਬ ਨੂੰ ਸਿਰਕੱਢ ਪ੍ਰਾਂਤ ਹੋਣ ਦਾ ਮਾਣ ਦਿੱਤਾ ਹੈ। ਬਦਲਦੀਆਂ ਰੁੱਤਾਂ ਨਾਲ ਪੈਂਦੇ ਪ੍ਰਭਾਵ ਦਾ ਜ਼ਿਕਰ, ਪੰਜਾਬੀਆਂ ਦੀ ਮੂੰਹ ਬੋਲਦੀ ਗਾਥਾ ਹੈ। ਦੇਸੀ ਮਹੀਨਿਆਂ ਰਾਹੀਂ ਸਭਿਆਚਾਰਕ ਸਾਂਝ ਪਾਈ ਹੈ। ਪੰਜਾਬ ਦੇ ਦਰਿਆਵਾਂ 'ਤੇ ਬੰਨੇ ਡੈਮਾਂ ਕਰਕੇ ਇਸ ਧਰਤੀ ਉੱਤੇ ਆਈ ਖੁਸ਼ਹਾਲੀ ਦਾ ਜ਼ਿਕਰ ਕਰਦਿਆਂ ਕਵੀ ਨੇ ਫੁੱਲਾਂ ਦੀ ਖ਼ੂਬਸੂਰਤੀ ਦੇ ਨਾਲ ਕੰਡਿਆਂ ਦੇ ਮਹੱਤਵ ਨੂੰ ਵੀ ਪੇਸ਼ ਕੀਤਾ ਹੈ। ਸੰਗੀਤ ਪੰਜਾਬੀਆਂ ਦੀ ਰੂਹ ਹੈ ਤੇ ਮਿਹਨਤ ਕਰਨਾ ਹਰ ਪੰਜਾਬੀ ਆਪਣੀ ਆਨ ਤੇ ਸ਼ਾਨ ਸਮਝਦਾ ਹੈ। ਕਵੀ ਨੇ ਕਿਰਤ ਨੂੰ ਵਡਿਆਇਆ ਹੈ। ਦੁਨੀਆਂ ਦੇ ਲੋਕਾਂ ਦੀ ਪੰਜਾਬੀਆਂ ਪ੍ਰਤੀ ਸਕਾਰਾਤਮਕ ਸੋਚ ਅਤੇ ਮਾਂ-ਬੋਲੀ ਪੰਜਾਬੀ ਦੇ ਸੁਭਾਅ ਨੂੰ ਬਹੁਤ ਹੀ ਖ਼ੂਬਸੂਰਤੀ ਨਾਲ ਪੇਸ਼ ਕੀਤਾ ਹੈ। ਪੰਜਾਬ ਦੀ ਧਰਤੀ 'ਤੇ ਪੁਰਾਤਨ ਵੇਦਾਂ ਤੇ ਗ੍ਰੰਥਾਂ ਦੀ ਰਚਨਾ ਹੋਈ ਹੈ, ਇਸ ਲਈ ਧਰਤੀ ਤੇ ਧਰਮ ਦੀ ਆਵਾਜ਼ ਪੁੱਜਦੀ ਕਰਨ ਦਾ ਕੰਮ ਵੀ ਪੰਜਾਬ ਦੀ ਧਰਤੀ ਦੇ ਵਸਨੀਕਾਂ ਰਾਹੀਂ ਹੀ ਹੋ ਰਿਹਾ ਹੈ। ਇਹ ਪਿਆਰ ਦੇ ਨਾਲ-ਨਾਲ ਤੇਗ਼ ਦੇ ਵੀ ਧਨੀ ਹਨ ਤੇ ਦੋਸਤ-ਦੁਸ਼ਮਣ ਦੀ ਪਛਾਣ ਕਰਕੇ ਉਸੇ ਤਰ੍ਹਾਂ ਦਾ ਵਰਤਾਰਾ ਵੀ ਕਰਦੇ ਹਨ।

## ਅਭਿਆਸ

**1. ਦੱਸੋ ਖਾਂ ਭਲਾ :**

(i) ਕਵੀ ਨੇ ਕਿਹੜੀਆਂ ਪੰਜ ਨਦੀਆਂ ਦੀ ਗੱਲ ਕੀਤੀ ਹੈ ?
(ii) 'ਯੁਗ-ਯੁਗ' ਤੋਂ ਪੰਜਾਬੀਆਂ ਦਾ ਕਾਰ-ਵਿਹਾਰ ਕੀ ਰਿਹਾ ਹੈ ?
(iii) ਕਵੀ ਕਿਸ ਤੋਂ ਸਦਕੇ ਜਾ ਰਿਹਾ ਹੈ ?
(iv) ਜਨਤਾ ਦੀ ਤਕਦੀਰ ਕੌਣ ਸ਼ਿੰਗਾਰ ਰਿਹਾ ਹੈ ?
(v) ਪੰਜਾਬੀ ਗਭਰੂਆਂ ਤੇ ਨਾਰਾਂ ਦੀ ਤੁਲਨਾ ਕਿਸ ਨਾਲ ਕੀਤੀ ਗਈ ਹੈ ?
(vi) ਹੀਰ ਤੇ ਰਾਂਝਾ ਕੌਣ ਸਨ ਤੇ ਇਹ ਕਿਥੋਂ ਦੇ ਵਸਨੀਕ ਸਨ ?
(vii) ਪੰਜਾਬ ਦੀ ਧਰਤੀ ਦਾ ਸ਼ਿੰਗਾਰ ਕੌਣ ਕਰਦਾ ਹੈ ?
(viii) ਪੰਜਾਬੀ ਬੋਲੀ ਬਾਰੇ ਕਵੀ ਨੇ ਕੀ ਵਿਚਾਰ ਪੇਸ਼ ਕੀਤੇ ਹਨ ?
(ix) ਦੁਨੀਆਂ ਪੰਜਾਬੀਆਂ ਬਾਰੇ ਕੀ ਕਹਿੰਦੀ ਹੈ ?

**2. ਹੇਠ ਲਿਖੀਆਂ ਕਾਵਿ-ਸਤਰਾਂ ਪੜ੍ਹ ਕੇ ਪੁੱਛੇ ਗਏ ਪ੍ਰਸ਼ਨਾਂ ਦੇ ਉੱਤਰ ਲਿਖੋ :**

ਗੁਰ ਗੋਬਿੰਦ, ਸਾਡਾ ਪ੍ਰੇਮ ਪਟੋਲਾ,
ਰੰਗ-ਮਜੀਠੇ ਧੁਰ ਤੋਂ ਰੰਗਿਆ।
ਤਾਹੀਉਂ ਰਣ ਵਿਚ ਮੌਤ ਸੁਹਾਗਣ,
ਰੱਤ ਦਾ ਕੁੰਗੂ ਸਾਥੋਂ ਮੰਗਿਆ।

(i) ਇਨ੍ਹਾਂ ਕਾਵਿ-ਸਤਰਾਂ ਦੇ ਕਵੀ ਅਤੇ ਰਚਨਾ ਦਾ ਨਾਂ ਦੱਸੋ।

(ii) 'ਪ੍ਰੇਮ ਪਟੋਲਾ' ਤੋਂ ਕੀ ਭਾਵ ਹੈ? ਸਾਡਾ ਪ੍ਰੇਮ ਪਟੋਲਾ ਕੌਣ ਹੈ ?

(iii) 'ਧੁਰ' ਤੋਂ ਅਸੀਂ ਕਿਹੜੇ ਰੰਗ ਵਿੱਚ ਰੰਗੇ ਹੋਏ ਹਾਂ ?

**3. ਹੇਠ ਲਿਖੀਆਂ ਕਾਵਿ-ਸਤਰਾਂ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ :**

ਦੁਨੀਆਂ ਕਹੇ ਪੰਜਾਬੀ ਦਾਤੇ,
ਮਾਨਵਤਾ ਦੇ ਨੂਰ ਮੁਨਾਰੇ।
ਦਬ ਕੇ ਵਾਹੁੰਦੇ, ਰੱਜ ਕੇ ਖਾਂਦੇ,
ਵੰਡ ਕੇ ਛਕਦੇ ਭਰੇ ਭੰਡਾਰੇ।

## ਆਉ ਕੁਝ ਹੋਰ ਕਰੀਏ

### ੳ. ਪਾਠ ਤੋਂ ਅੱਗੇ :

(i) ਪੰਜਾਬ ਤੋਂ ਭਾਵ ਹੈ—ਪੰਜ ਆਬ (ਪੰਜ ਪਾਣੀ)। ਇਹ ਪੰਜ ਆਬ ਕਿਹੜੇ ਹਨ ਤੇ ਇਨ੍ਹਾਂ ਦੇ ਇਲਾਕੇ ਵਿੱਚ ਪੰਜਾਬੀ ਕਿਹੜੇ ਰੂਪ ਵਿੱਚ ਬੋਲੀ ਜਾਂਦੀ ਹੈ। ਇਸ ਬੋਲੀ ਨੂੰ ਦਰਸਾਉਂਦਾ ਚਾਰਟ ਤਿਆਰ ਕਰੋ।

(ii) ਪੰਜਾਬ ਦੀ ਧਰਤੀ 'ਤੇ ਕਿਹੜੇ ਧਾਰਮਕ ਗ੍ਰੰਥਾਂ ਦੀ ਰਚਨਾ ਹੋਈ ਹੈ। ਕੋਈ ਦੋ ਗ੍ਰੰਥਾਂ ਬਾਰੇ ਜਾਣਕਾਰੀ ਇਕੱਤਰ ਕਰੋ।

(iii) ਕੀ ਤੁਸੀਂ ਸਾਰੇ ਦੇਸੀ ਮਹੀਨਿਆਂ ਦੇ ਨਾਂ ਜਾਣਦੇ ਹੋ ? ਤਰਤੀਬਵਾਰ ਲਿਖੋ।

(iv) ਕੀ ਤੁਸੀਂ 'ਦੱਬ ਕੇ ਵਾਹ ਤੇ ਰੱਜ ਕੇ ਖਾਹ' ਅਖਾਣ ਬਾਰੇ ਕਦੇ ਸੁਣਿਆ ਹੈ। ਕਿਸਾਨ ਦੇ ਹਵਾਲੇ ਨਾਲ ਇਸ ਬਾਰੇ ਇੱਕ ਪੈਰਾ ਰਚਨਾ ਕਰੋ।

(v) ਪੰਜ ਦਰਿਆਵਾਂ ਦੀ ਧਰਤੀ ਪੰਜਾਬ ਉਪਰ ਹੁਣ ਅਸਲ ਵਿੱਚ ਕਿੰਨੇ ਦਰਿਆ ਵਗਦੇ ਹਨ ? ਉਨ੍ਹਾਂ ਦੇ ਨਾਂ ਤੇ ਨਕਸ਼ੇ ਸਮੇਤ ਵਿਸਤਾਰ ਵਿੱਚ ਜਾਣਕਾਰੀ ਦਿਉ।

### ਅ. ਪਾਠ ਦੇ ਆਧਾਰ 'ਤੇ ਠੀਕ ( ✔ ) ਜਾਂ ਗ਼ਲਤ ( ✖ ) ਦਾ ਨਿਸ਼ਾਨ ਬਣਾਉ :

(i) ਜੇਠ ਦੇ ਮਹੀਨੇ ਵਿੱਚ ਬਹੁਤ ਸਰਦੀ ਪੈਂਦੀ ਹੈ। ☐

(ii) ਰੰਗੂ ਮਜੀਠਾ ਨੀਲੇ ਰੰਗ ਦਾ ਹੁੰਦਾ ਹੈ। ☐

(iii) ਗਿੱਧਾ ਕੁੜੀਆਂ ਪਾਉਂਦੀਆਂ ਹਨ। ☐

(iv) ਗੁਰੂ ਨਾਨਕ ਸਾਡਾ ਪ੍ਰੇਮ ਪਟੋਲਾ ਹੈ। ☐

(v) ਵੇਦ ਤੇ ਗ੍ਰੰਥ ਪੰਜਾਬ ਤੋਂ ਬਾਹਰ ਰਚੇ ਗਏ। ☐

### ੲ. ਖਾਲੀ ਥਾਵਾਂ ਭਰੋ :

(i) ਪੰਜਾਬੀ ... ਦੇ ਧਨੀ ਹਨ।
(ii) ਪੰਜਾਬੀਆਂ ਨੂੰ ਆਪਣੀ ... ਦਸਤਾਰ 'ਤੇ ਮਾਣ ਹੈ।
(iii) ... ਨੂੰ ਪੰਜਾਬੀ ਆਪਣੇ ਗਲ ਦਾ ਹਾਰ ਮੰਨਦੇ ਹਨ।
(iv) ਤਲਵਾਰ ਦੀ ... ਦੀ ਸਿਖ਼ਰ ਦੁਪਹਿਰ ਨਾਲ ਤੁਲਨਾ ਕੀਤੀ ਗਈ ਹੈ।
(v) ਪੰਜਾਬੀ ਦੁਸ਼ਮਨ ਉੱਪਰ ... ਬਣ ਕੇ ਡਿਗਦੇ ਹਨ।

ਸਤਰੰਗੀ ਜੇਠ
ਤੇਗ
ਫਤਹਿ ਬਿਜਲੀ

### ਸ. ਜੋੜੇ ਬਣਾਉ :

| | |
|---|---|
| ਹੀਰ | ਪ੍ਰੇਮ ਪਟੋਲਾ |
| ਗੁਰੂ ਗੋਬਿੰਦ | ਮਾਖਿਓਂ |
| ਬਿਜਲੀ | ਰਾਂਝਾ |
| ਬੋਲੀ | ਗੋਬਿੰਦ ਸਾਗਰ |

### ਹ. ਵਿਰੋਧੀ ਸ਼ਬਦ ਲਿਖੋ :

(i) ਮੌਤ ...
(ii) ਭਰਿਆ ...
(iii) ਧਨੀ ...
(iv) ਰੱਖਿਆ ...

### ਕ. ਜਿਵੇਂ 'ਗਿੱਧੇ' ਵਿਚ 'ਗਿੱਧਾ ਪਾਈਦਾ ਹੈ' ਬੋਲਿਆ ਜਾਂਦਾ ਹੈ, ਉਸ ਤਰ੍ਹਾਂ ਹੇਠ ਲਿਖੇ ਸ਼ਬਦਾਂ ਦੀ ਪ੍ਰਵਿਰਤੀ ਦੱਸੋ :

(i) ਭੰਗੜਾ ...
(ii) ਫੁੱਲ ...
(iii) ਝਾਂਜਰ ...
(iv) ਨਦੀਆਂ ...

### ਖ. ਵਾਕ ਬਣਾਉ :

(i) ਦੱਬ ਕੇ ਵਾਹ ਤੇ ਰੱਜ ਕੇ ਖਾਹ ... ... ... ...
(ii) ਵੰਡ ਕੇ ਛਕਣਾ ... ... ... ...
(iii) ਛੈਲ ਛਬੀਲੇ ... ... ... ...
(iv) ਰੱਖਿਆ ਕਰਨੀ ... ... ... ...
(v) ਸੱਤ ਪੱਤਰਾਂ ਦੇ ਤਾਰੂ ... ... ... ...
(vi) ਲੋਰੀ ਦੇਣੀ ... ... ... ...